# ਹਾਊਸਫੈਡ

ਸਹਿਕਾਰਤਾ ਵਿਭਾਗ ਦੇ ਇੱਕ ਮਹੱਤਵਪੂਰਨ ਅੰਗ ਵਜੋਂ ਸਹਿਕਾਰੀ ਮਕਾਨ ਉਸਾਰੀ ਫੈਡਰੇਸ਼ਨ ਜਾਂ ਹਾਊਸਫੈਡ ਹੋਂਦ ਵਿੱਚ ਆਈ। ਜ਼ਿਲ੍ਹਾ ਮਾਨਸਾ ਦਾ ਡੀ.ਐਮ. ਦਫ਼ਤਰ ਬਠਿੰਡਾ ਵਿਖੇ ਹੈ। ਜ਼ਿਲ੍ਹਾ ਮੈਨੇਜਰ ਬਠਿੰਡਾ ਦੀ ਨਿਗਰਾਨੀ ਹੇਠ ਜ਼ਿਲ੍ਹਾ ਮਾਨਸਾ ਵਿੱਚ ਛੇ ਕਰਮਚਾਰੀ ਹਾਊਸਫੈਡ ਵੱਲੋਂ ਕੰਮ ਕਰਦੇ ਹਨ।

## 1. *ਹਾਊਸਫੈਡ ਦੇ ਕੰਮ-ਕਾਜ ਬਾਰੇ ਸੰਖੇਪ ਜਾਣਕਾਰੀ :*

1970 ਤੋਂ ਹਾਊਸਫੈਡ ਸੰਸਥਾ ਪੰਜਾਬ ਰਾਜ ਵਿੱਚ ਕੰਮ ਕਰਦੀ ਹੈ। ਇਸਦੇ ਜ਼ਿਲ੍ਹਾ ਪੱਧਰ ਦੇ ਦਫ਼ਤਰ ਹਨ। ਪਰ ਮਾਨਸਾ ਜ਼ਿਲ੍ਹੇ ਵਿੱਚ ਡੀ.ਐਮ. ਦਫ਼ਤਰ ਨਹੀਂ ਹੈ। ਇਹ ਸੰਸਥਾ ਸ਼ਹਿਰਾਂ ਅਤੇ ਪਿੰਡਾਂ ਵਿੱਚ ਨਵੇਂ ਅਤੇ ਪੱਕੇ ਮਕਾਨ ਬਨਾਉਣ ਦੀ ਉਸਾਰੀ ਲਈ ਸਧਾਰਨ ਸ਼ਰਤਾਂ ਤੇ 15 ਸਾਲਾ ਕਰਜ਼ਾ ਅਸਾਨ ਕਿਸ਼ਤਾਂ ਵਿੱਚ (ਤਿਮਾਹੀ ਅਤੇ ਛਿਮਾਹੀ) ਮੋੜਨ ਯੋਗ ਕਰਜ਼ਾ ਮੁਹੱਈਆ ਕਰਦੀ ਹੈ। ਇਸੇ ਜ਼ਿਲ੍ਹੇ ਵਿੱਚ ਤਿੰਨ ਸ਼ਹਿਰੀ ਅਤੇ ਤਿੰਨ ਪੇਂਡੂ ਸਹਿਕਾਰੀ ਮਕਾਨ ਉਸਾਰੀ ਸੰਸਥਾਵਾਂ ਕੰਮ ਕਰ ਰਹੀਆਂ ਹਨ, ਜਿੰਨ੍ਹਾਂ ਰਾਹੀਂ ਹਾਊਸਫੈਡ ਕਰਜ਼ਾ ਦਿੰਦਾ ਹੈ।

## 2. *ਕਰਜ਼ੇ ਦੀ ਹੱਦ*

ਕਰਜ਼ੇ ਦੀ ਵੱਧ ਤੋਂ ਵੱਧ ਹੱਦ ਪਿੰਡਾਂ ਅਤੇ ਸ਼ਹਿਰਾਂ ਲਈ 5 ਲੱਖ ਰੁਪਏ ਹੈ।

## 3 *ਸ਼ਹਿਰੀ ਕਰਜ਼ਾ*

ਇਹ ਕਰਜ਼ਾ ਸ਼ਹਿਰੀ ਮਿਊਂਸਪਲ ਕਮੇਟੀ ਵੱਲੋਂ ਨਕਸ਼ਾ ਪਾਸ ਕੀਤੇ ਪਲਾਟ ਤੇ ਦਿੱਤਾ ਜਾਂਦਾ ਹੈ। ਸਕਿਉਰਟੀ ਵਜੋਂ ਸ਼ਹਿਰੀ ਪਲਾਟ ਹਾਉਸਫੈਡ ਦੇ ਹੱਕ ਵਿੱਚ ਆੜ ਰਹਿਣ ਕੀਤਾ ਜਾਂਦਾ ਹੈ।

## 4 *ਪੇਂਡੂ ਕਰਜ਼ਾ*

ਇਹ ਕਰਜ਼ਾ ਕਰਜ਼ਦਾਰ ਨੂੰ ਉਸਦੀ ਜ਼ਮੀਨ ਗਿਰਵੀ ਰੱਖਣ ਉਪਰੰਤ ਦਿੱਤਾ ਜਾਂਦਾ ਹੈ। ਨਹਿਰੀ ਜਾਂ ਚਾਹੀ ਜ਼ਮੀਨ ਤੇ 2 ਲੱਖ ਅਤੇ ਬਿਰਾਨੀ ਜਮੀਨ ਤੇ 1 ਲੱਖ ਪ੍ਰਤੀ ਏਕੜ ਦੇ ਹਿਸਾਬ ਨਾਲ ਬਣਦੀ ਕੀਮਤ ਦਾ 75 ਪ੍ਰਤੀਸ਼ਤ ਤੱਕ ਦਾ ਕਰਜ਼ਾ ਦਿੱਤਾ ਜਾਂਦਾ ਹੈ।

## 5 *ਵਿਆਜ ਦਰ*

ਸ਼ਹਿਰਾਂ ਅਤੇ ਪਿੰਡਾਂ ਵਿੱਚ ਵਿਆਜ ਦੀ ਦਰ 2 ਲੱਖ ਰੁਪਏ ਤੱਕ ਦੇ ਕਰਜ਼ੇ ਤੇ 9.75 ਪ੍ਰਤੀਸ਼ਤ ਅਤੇ 2 ਲੱਖ ਤੋਂ ਉੱਪਰ 5 ਲੱਖ ਤੱਕ 11 ਪ੍ਰਤੀਸ਼ਤ ਸਲਾਨਾ ਹੈ।

## 6 *ਮਕਾਨ ਵਿੱਚ ਵਾਧੇ ਲਈ ਕਰਜ਼ਾ*

ਇਸ ਮੰਤਵ ਲਈ ਸ਼ਹਿਰਾਂ ਅਤੇ ਪਿੰਡਾਂ ਵਿੱਚ 2 ਲੱਖ ਰੁਪਏ ਤੱਕ ਕਰਜ਼ਾ ਦਿੱਤਾ ਜਾਂਦਾ ਹੈ, ਜੋ ਸਵਾ ਅੱਠ

ਸਾਲਾ ਹੈ ਅਤੇ ਤਿਮਾਹੀ 33 ਕਿਸ਼ਤਾਂ ਵਿੱਚ ਬਰਾਬਰ ਮੋੜਨਾ ਪੈਂਦਾ ਹੈ।

### 7 *ਕਰਜ਼ਾ ਪ੍ਰਾਪਤ ਕਰਨ ਲਈ ਨਿਮਨਲਿਖਤ ਕਾਗਜਾਤ ਲੋੜੀਂਦੇ ਹਨ:*

***ਪੇਂਡੂ ਕਰਜ਼ਾ*** :

(1) ਫਰਦ ਜਮਾਂਬੰਦੀ ਜ਼ਮੀਨ ਦੀ ਮਾਲਕੀ ਦਾ ਸਬੂਤ

(2) ਗਿਰਦਾਵਰੀ 2 ਸਾਲ ਦੀ (ਕਾਸ਼ਤਕਾਰ/ਕਬਜੇ ਦਾ ਸਬੂਤ)

(3) 12 ਸਾਲਾ ਭਾਰ ਰਹਿਤ ਸਰਟੀਫਿਕੇਟ

(4) ਬਨਾਉਣ ਵਾਲੇ ਮਕਾਨ ਦਾ ਨਕਸ਼ਾ ਅਤੇ ਐਸਟੀਮੇਟ

(5) ਕਰਜ਼ਦਾਰ ਦਾ ਹਲਫੀਆ ਬਿਆਨ

(6) ਉਮਰ ਦਾ ਸਬੂਤ

(7) ਕਰਜ਼ਦਾਰ ਦੀਆਂ ਤਿੰਨ ਫੋਟੋਆਂ।

### 8 *ਸ਼ਹਿਰੀ ਕਰਜ਼ਾ* :

(1) ਅਸਲ ਰਜਿਸਟਰੀ

(2) ਨਕਸ਼ਾ ਨਗਰ ਕੌਂਸਲ ਤੋਂ ਪਾਸ ਕੀਤਾ ਹੋਇਆ

(3) 12 ਸਾਲਾ ਭਾਰ ਰਹਿਤ ਸਰਟੀਫਿਕੇਟ

(4) ਫਰਦ/ਜਮਾਂਬੰਦੀ ਜਾਂ ਐਸਟੀਮੇਟ ਦੀ ਨਕਲ

(5) ਉਮਰ ਦਾ ਸਬੂਤ

(6) ਕਰਜ਼ਦਾਰ ਦਾ ਹਲਫੀਆ ਬਿਆਨ

(7) ਕਰਜ਼ਦਾਰ ਦੀਆਂ ਤਿੰਨ ਫੋਟੋਆਂ।

(8) ਕਰਜ਼ਦਾਰ ਵੱਲੋਂ ਦਸਤਖਤ ਕੀਤੇ ਹੋਏ 20 ਖਾਲੀ ਚੈਕ।

## 9 *ਕਰਜ਼ਾ ਲੈਣ ਲਈ ਉਮਰ ਦੀ ਹੱਦ* :

ਸ਼ਹਿਰੀ ਅਤੇ ਪੇਂਡੂ ਕਰਜ਼ਾ ਪ੍ਰਾਪਤ ਕਰਨ ਲਈ ਉਮਰ ਦੀ ਹੱਦ 18 ਤੋਂ 58 ਸਾਲ ਤੱਕ ਹੈ।

ਇੰਨ੍ਹਾਂ ਦਸਤਾਵੇਜਾਂ ਨਾਲ ਕੋਈ ਵੀ ਹੱਕਦਾਰ ਵਿਅਕਤੀ ਹਾਊਸਫੈਡ ਦੀਆਂ ਸੇਵਾਵਾਂ ਲੈਣ ਲਈ ਕੰਮ ਦੇ ਦਿਨ ਕਾਰੋਬਾਰ ਦੇ ਸਮੇਂ ਵਿੱਚ ਇਸ ਮਹਿਕਮੇ ਦੀਆਂ ਸਕੀਮਾਂ ਦਾ ਲਾਭ ਉਠਾ ਸਕਦਾ ਹੈ।